# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times     23 ਜੂਨ 2025 ਦਿਨ ਸੋਮਵਾਰ     ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਵੱਲੋਂ ਨਾਮਵਰ ਸ਼ਖ਼ਸੀਅਤ ਹਰਜਿੰਦਰ ਸਿੰਘ ਥਿੰਦ ਅਤੇ ਜਤਿੰਦਰ ਜੇ ਮਿਨਹਾਸ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ






ਸਰੀ, 23 ਜੂਨ :ਚੜ੍ਹ ਦੀ ਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਵੱਲੋਂ ਮੀਡੀਆ ਦੀ ਨਾਮਵਰ ਸ਼ਖ਼ਸੀਅਤ ਹਰਜਿੰਦਰ ਸਿੰਘ ਥਿੰਦ ਨੂੰ ਉਨਾਂ ਦੀਆਂ ਪੱਤਰਕਾਰੀ ਦੇ ਖੇਤਰ ਵਿਚ ਵਡਮੁੱਲੀਆਂ ਪ੍ਰਾਪਤੀਆਂ ਅਤੇ ਕਮਿਊਨਿਟੀ ਲਈ ਸੇਵਾਵਾਂ ਦੇ ਮੁੱਖ ਰਖਦਿਆਂ ਸਨਮਾਨਿਤ ਕੀਤਾ ਗਿਆ। ਲੈਂਗਲੀ ਵਿਖੇ ਵਿਸ਼ੇਸ਼ ਤੌਰ ਤੇ ਰੱਖੇ ਸਮਾਗਮ ਦੌਰਾਨ ਐਸੋਸੀਏਸ਼ਨ ਦੇ ਫਾਊਂਡਰ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ ਨੇ ਆਪਣੀ ਕੋਰ ਕਮੇਟੀ ਵੱਲੋਂ ਸ. ਥਿੰਦ ਨੂੰ ਜੀ ਆਇਆਂ ਆਖਿਆ ਅਤੇ ਪੱਤਰਕਾਰੀ ਵਿੱਚ ਉਹਨਾਂ ਦੀਆਂ ਉਪਲੱਬਧੀਆਂ, ਫ਼ਖ਼ਰਯੋਗ ਕਾਰਜ ਅਤੇ ਕਮਿਊਨਿਟੀ ਦੀ ਬਿਹਤਰੀ ਲਈ ਉਹਨਾਂ ਵੱਲੋਂ ਪਾਏ ਯੋਗਦਾਨ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਇਸ ਸਮਾਗਮ ਵਿਚ ਉੱਘੇ ਕਾਰੋਬਾਰੀ ਅਤੇ ਸਮਾਜ ਸੇਵਕ ਜਤਿੰਦਰ ਸਿੰਘ ਮਿਨਹਾਸ ਨੂੰ ਵੀ ਕਮਿਊਨਿਟੀ ਵਿੱਚ ਉਨਾਂ ਦੇ ਯੋਗਦਾਨ ਲਈ ਪ੍ਰਸੰਸਾ-ਪੱਤਰ ਨਾਲ ਸਨਮਾਨਿਤ ਕੀਤਾ ਗਿਆ।

ਜਸਵਿੰਦਰ ਸਿੰਘ ਦਿਲਾਵਰੀ ਨੇ ਦੱਸਿਆ ਕਿ ਚੜ੍ਹਦੀ ਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਸਿੱਖੀ ਦੇ ਸਿਧਾਂਤ 'ਸਰਬੱਤ ਦਾ ਭਲਾ' ਦੇ ਨੈਤਿਕ ਆਧਾਰ 'ਤੇ ਬਣਾਈ ਗਈ ਹੈ ਜਿਸ ਦਾ ਉਦੇਸ਼ ਨਿਰਪੱਖ ਹੋ ਕੇ ਸਮਾਜ ਸੇਵਾ ਅਤੇ ਮਾਨਵਤਾ ਦੀ ਭਲਾਈ ਦੇ ਕਾਰਜ ਹਨ। ਐਸੋਸੀਏਸ਼ਨ ਵੱਲੋਂ ਜਿੱਥੇ ਕਮਿਊਨਿਟੀ ਵਿੱਚ ਸਾਰਥਕ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਮਾਣ ਸਨਮਾਨ ਦਿੱਤਾ ਜਾਂਦਾ ਹੈ ਉੱਥੇ ਕਮਿਊਨਿਟੀ ਦੀ ਸੇਵਾ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ ਹਨ ਜਿਨ੍ਹਾਂ ਤਹਿਤ ਪਿਛਲੇ ਦਿਨੀਂ ਸ਼ਹਿਰ ਵਿੱਚ ਸਫਾਈ ਮੁਹਿੰਮ ਸ਼ੁਰੂ ਕੀਤੀ ਗਈ ਹੈ। ਐਸੋਸੀਏਸ਼ਨ ਵੱਲੋਂ ਆਉਂਦੇ ਦਿਨਾਂ ਵਿੱਚ ਬੀ ਸੀ ਚਿਲਡਰਨ ਹਸਪਤਾਲ ਦੇ ਬੱਚਿਆਂ ਨੂੰ ਖਿਡੌਣੇ ਦਾਨ ਕੀਤੇ ਜਾਣਗੇ ਅਤੇ ਖੂਨਦਾਨ ਕੈਂਪ ਲਾਇਆ ਜਾਵੇਗਾ।

## ਸੰਤ ਹਰੀਦਾਸ ਜੀ ਦਾ 59ਵਾਂ ਬਰਸੀ ਸਮਾਗਮ ਕਰਵਾਇਆ।

ਵਰਲਡ ਪੰਜਾਬੀ ਟਾਈਮਜ਼
ਪਾਲ ਜਲੰਧਰੀ



ਬੋਪਾਰਾਏ ਕਲਾਂ23 ਜੂਨ : ਬ੍ਰਹਮਲੀਨ ਸੰਤ ਹਰੀਦਾਸ ਮਹਾਰਾਜ ਜੀ ਦਾ 59ਵਾਂ ਬਰਸੀ ਸਮਾਗਮ ਅੰਮ੍ਰਿਤਬਾਣੀ ਪਾਵਨ ਗ੍ਰੰਥ ਦੀ ਛਤਰ ਛਾਇਆ ਦੇ ਹੇਠ ਅਤੇ ਡੇਰੇ ਦੇ ਗੱਦੀ ਨਸ਼ੀਨ ਸੰਤ ਬੀਬੀ ਕ੍ਰਿਸ਼ਨਾ ਦੇਵੀ ਮਹਾਰਾਜ ਜੀ ਦੀ ਪਾਵਨ ਸਰਪਰਸਤੀ ਹੇਠ ਬੜੀ ਹੀ ਸ਼ਰਧਾ ਅਤੇ ਸਤਿਕਾਰ ਸਾਹਿਤ ਡੇਰਾ 108 ਸੰਤ ਹਰੀਦਾਸ ਜੀ ਬੋਪਾਰਾਏ ਕਲਾਂ ਵਿਖੇ ਮਨਾਇਆ ਗਿਆ। ਇਸ ਮੌਕੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਲੜੀਵਾਰ ਪਾਵਨ ਜਾਪ ਹੋਏ ਅਤੇ ਵਿਸ਼ਵ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ,ਸੰਤ ਸੁਰਿੰਦਰ ਦਾਸ ਬਾਵਾ ਜੀ, ਸੰਤ ਹਰਵਿੰਦਰ ਦਾਸ ਜੀ,ਸੰਤ ਬੂਟਾ ਭਾਰਤੀ ਜੀ, ਸੰਤ ਧਰਮ ਦਾਸ ਜੀ, ਗਿਆਨੀ ਸੱਜਣ ਸਿੰਘ



ਜੀ, ਸ੍ਰੀ ਵਿਕਰਮ ਰਵਿਦਾਸੀਆ, ਸੰਤ ਹਰਮੇਸ਼ਵਰੀ ਜੀ, ਸੰਤ ਹਰਦੇਸਵਰੀ ਜੀ ਆਦਿ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਸੰਤ ਹਰੀਦਾਸ ਜੀ ਨੇ ਆਪਣਾ ਸਾਰਾ ਜੀਵਨ ਪ੍ਰਭੂ ਭਗਤੀ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਲਗਾਇਆ, ਸਾਨੂੰ ਉਹਨਾਂ ਦੇ ਦੱਸੇ ਹੋਏ ਮਾਰਗ ਦੇ ਚੱਲ ਕੇ ਆਪਣਾ ਜੀਵਨ ਸਫਲਾ ਕਰਨਾ ਚਾਹੀਦਾ ਹੈ। ਇਸ ਮੌਕੇ ਬੰਗੜ ਬ੍ਰਦਰ ,ਜੀਵਨ ਸੋਹਲ, ਬਾਬਾ ਭੱਟੀ ਅਤੇ ਸੰਤ ਹਰੀ ਦਾਸ ਡੇਰੇ ਦੇ ਬੱਚਿਆਂ ਨੇ ਸ਼ਬਦਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਲੇਖਕ ਮਹਿੰਦਰ ਸੰਧੂ ਮਹੇੜੂ ਦੁਆਰਾ ਸੰਤ ਹਰੀਦਾਸ ਦੇ ਜੀਵਨ ਤੇ ਛਾਪਿਆ ਗਿਆ ਵਿਸ਼ੇਸ਼ ਅੰਕ ਸੰਤਾਂ ਮਹਾਂਪੁਰਸ਼ਾਂ ਵੱਲੋਂ ਰਿਲੀਜ਼ ਕੀਤਾ ਗਿਆ। ਪਹਿਲੀ ਕਲਾਸ ਤੋਂ ਦਸਵੀ ਕਲਾਸ ਤੱਕ ਦੇ ਬੱਚੇ, ਜੋ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਆਏ ਉਹਨਾਂ ਨੂੰ ਸੰਤਾਂ ਵੱਲੋਂ ਸਨਮਾਨਿਤ ਕੀਤਾ ਗਿਆ। ਗੁਰੂ ਦਾ ਲੰਗਰ ਅਤੁੱਟ ਵਰਤਿਆ ਅਤੇ ਸਟੇਜ ਸਕੱਤਰ ਦੀ ਸੇਵਾ ਡਾ ਪ੍ਰੇਮ ਧਨਾਲ ਨੇ ਨਿਭਾਈ।

## ਚੇਤਨਾ ਦੇ ਚਾਨਣ ਨਾਲ ਭਵਿੱਖ ਰੁਸ਼ਨਾਉਣ ਦਾ ਸਿਹਰਾ ਵਿਗਿਆਨ ਸਿਰ -ਤਰਕਸ਼ੀਲ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ

ਸੰਗਰੂਰ 23 ਜੂਨ : ਲੋਕਾਂ ਨੂੰ ਸੋਚਣ, ਸਮਝਣ ਤੇ ਪਰਖਣ ਦੀ ਸੁਚੱਜੀ ਆਦਤ ਪਾ ਕੇ ਉਨ੍ਹਾਂ ਦੇ ਮਨਾਂ ਵਿੱਚੋਂ ਕੀ , ਕਿਉਂ , ਕਿਵੇਂ ਆਦਿ ਗੁਣਾਂ ਨਾਲ ਅਗਿਆਨਤਾ ਤੇ ਅੰਧਵਿਸ਼ਵਾਸਾਂ ਦਾ ਹਨੇਰਾ ਦੂਰ ਕਰਨ ਦਾ ਸਿਹਰਾ ਵਿਗਿਆਨ ਸਿਰ ਹੈ । ਚੇਤਨਾ, ਗਿਆਨ ਦੀ ਚਰਚਾ ਦਾ ਪ੍ਰਵਾਹ ਲਗਾਤਾਰ ਚਲਦਾ ਰਹਿਣਾ ਚਾਹੀਦਾ ਹੈ।ਚੰਗੇਰੀ ਜੀਵਨ ਜਾਂਚ ਤੇ ਚਰਚਾ ਕਰਨ ਦਾ ਅਧਿਐਨ ਕਰਨਾ, ਦੂਜਿਆਂ ਦਾ/ ਸਮਾਜ ਦਾ ਚੰਗਾ ਕਰਨ ਦੀ ਆਦਤ ਪਾਉਣਾ ਤੇ ਜ਼ਿੰਦਗੀ ਦਾ ਕੋਈ ਮਕਸਦ ਮਿਥ ਕੇ ਨਵੇਂ ਰਾਹ ਤਲਾਸ਼ਣਾ ਸਫਲਤਾ ਵੱਲ ਜਾਂਦਾ ਰਾਹ ਹੈ। ਜੀਵ ਵਿਕਾਸ ਦੀ ਪ੍ਰਕਿਰਿਆ ਤੇ ਪਹਿਲੇ ਮਨੁੱਖ ਦੇ ਹੋਂਦ ਵਿੱਚ ਆਉਣ ਦੀ ਕਹਾਣੀ ਨੂੰ ਭਾਵਪੂਰਤ ਤੇ ਸੌਖੇਰੇ ਢੰਗ ਨਾਲ ਸਮਝਾਉਣਾ ਅਗਾਂਹ ਵਧੂ ਸੋਚ ਦੇ ਧਾਰਨੀ ਵਿਅਕਤੀਆਂ ਦੀ ਜ਼ਿਮੇਵਾਰੀ ਹੈ।ਬੱਚਿਆਂ ਦੇ ਮਨ ਕੋਰੇ ਕਾਗਜ਼ ਹਨ ਜਿਨ੍ਹਾਂ ਦੇ ਮਨ ਮਸਤਕ ਤੇ ਅਧਿਆਪਕਾਂ ਨੇ ਚੇਤਨਾ ਦੀ ਨਵੀਂ ਇਬਾਰਤ ਲਿਖਣੀ ਹੁੰਦੀ ਹੈ।ਵਿਦਿਆਰਥੀਆਂ ਨੂੰ ਪੁਸਤਕਾਂ ਦੇ ਸੰਗ ਜੋੜਨ ਦੀ ਆਦਤ ਪਾਉਣੀ ਚਾਹੀਦੀ ਹੈ ਜਿਨ੍ਹਾਂ ਦੇ ਸਾਥ ਨਾਲ ਸੁਹਜ, ਸਿਆਣਪ ਤੇ ਸਫਲਤਾ ਤੇ ਵਿਗਿਆਨਕ ਸੋਚ ਬਾਰੇ ਰੌਚਿਕ ਜਾਣਕਾਰੀ ਮਿਲਦੀ ਹੈ। ਮਨੁੱਖੀ ਜੀਵਨ ਦੀ ਕਾਇਆ ਕਲਪ ਕਰਨ ਦਾ ਗਿਆਨ ਹਾਸਲ ਹੁੰਦਾ ਹੈ।

ਲੋਕਾਂ/ ਵਿਦਿਆਰਥੀਆਂ ਨੂੰ ਮਾਨਸਿਕ ਰੋਗਾਂ, ਪ੍ਰਚਲਿਤ ਅੰਧਵਿਸ਼ਵਾਸਾਂ , ਰੂੜ੍ਹੀਵਾਦੀ ਵਿਚਾਰਾਂ, ਵੇਲਾ ਵਿਹਾ ਚੁੱਕੀਆ ਰਸਮਾਂ ਦੀ ਅਰਥਹੀਣਤਾ ਬਾਰੇ ਤੇ ਤਾਂਤਰਿਕਾਂ ਦੇ ਭਰਮ ਜਾਲ ਦੀ ਤਰਕਸ਼ੀਲ ਨਜ਼ਰੀਏ ਤੋਂ ਵਿਆਖਿਆ ਕਰਕੇ, ਵਿਦਿਅਰਥੀਆਂ ਨੂੰ ਆਪਣਾ ਦ੍ਰਿਸ਼ਟੀਕੋਣ ਵਿਗਿਆਨਕ ਬਣਾਉਣ ਲਈ ਪ੍ਰੇਰਿਤ ਕਰਨਾ ਵੀ ਸਾਡੇ ਸਾਰਿਆਂ ਦੀ ਜ਼ਿਮੇਵਾਰੀ ਹੈ।।

ਸਾਮਾਜਿਕ ਤੇ ਕੁਦਰਤੀ ਵਰਤਾਰੇ ਵਾਪਰਨ ਪਿੱਛੇ ਕੋਈ ਨਾ ਕੋਈ ਕਾਰਣ ਹੁੰਦਾ ਹੈ ਜਿਨ੍ਹਾਂ ਬਾਰੇ ਲੋਕਾਂ ਨੂੰ ਸੁਚੇਤ ਤੇ ਚੇਤਨ ਕਰਨਾ ਤੇ ਸਮਝਾਉਣਾ ਚਾਹੀਦਾ ਹੈ ਕਿ ਚਮਤਕਾਰਾਂ ਦੀ ਆਪਣੇ ਆਪ ਵਿੱਚ ਕੋਈ ਹੋਂਦ ਨਹੀਂ ਹੁੰਦੀ। ਇਥੇ ਘਟਨਾਵਾਂ ਵਾਪਰਦੀਆਂ ਹਨ ਉਨ੍ਹਾਂ ਦੇ ਕਾਰਨ ਜਾਣਨਾ ਹੀ ਵਿਗਿਆਨਕ ਸੋਚ ਹੈ।ਜੀਵ ਵਿਕਾਸ ਅਤੇ ਮਨੁੱਖ ਦੀ ਉਤਪਤੀ ਕਰੋੜਾਂ ਸਾਲਾਂ ਦੀ ਪ੍ਰਕਿਰਿਆ ਦਾ ਨਤੀਜਾ ਹੈ।ਮਾਹਿਰਾਂ ਵੱਲੋਂ ਵਿਦਿਆਰਥੀਆਂ ਨੂੰ ਜੀਵ ਵਿਕਾਸ ਦਾ ਸਿਧਾਂਤ, ਜ਼ਿੰਦਗੀ ਵਿੱਚ ਕਲਾ ਦਾ ਮਹੱਤਵ, ਮਿਆਰੀ ਸਾਹਿਤ ਪੜ੍ਹਨ ਦੀ ਚੇਟਕ ਅਤੇ ਨਸ਼ਿਆਂ ਤੋਂ ਕਿਵੇਂ ਬਚੀਏ ਆਦਿ ਮਹੱਤਵਪੂਰਨ ਵਿਸ਼ਿਆਂ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਤੇ ਉਸਨੂੰ ਵੰਡਣ ਕਿਰਿਆ ਲਗਾਤਾਰ ਚਲਣੀ ਚਾਹੀਦੀ ਹੈ। ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਦੇ ਜੀਵ ਵਿਕਾਸ ਦੇ ਸਿਧਾਂਤ ਹੈ ਕਿ ਇਸ ਧਰਤੀ ਉੱਤੇ ਜੀਵ ਵਿਕਾਸ ਕਰੋੜਾਂ ਸਾਲਾਂ ਦੀ ਵਿਗਿਆਨਕ ਅਤੇ ਕੁਦਰਤੀ ਪ੍ਰਕਿਰਿਆ ਦਾ ਨਤੀਜਾ ਹੈ ਅਤੇ ਸਾਰੇ ਹੀ ਜੀਵ ਜੰਤੂ,ਪੌਦੇ ਅਤੇ ਖੁਦ ਮਨੁੱਖ ਵੀ ਜੀਵ ਵਿਕਾਸ ਦੀ ਇਸੇ ਹੀ ਪ੍ਰਕਿਰਿਆ 'ਚੋ ਹੋਂਦ ਵਿੱਚ ਆਏ ਹਨ। ਐਨ ਸੀ ਈ ਆਰ ਟੀ ਦੇ ਸਿਲੇਬਸ ਚੋਂ ਜੀਵ ਵਿਕਾਸ ਦੇ ਸਿਧਾਂਤ ਨੂੰ ਬਾਹਰ ਕੱਢਣ ਅਤੇ ਰੂੜ੍ਹੀਵਾਦੀ ਵਿਸ਼ੇ ਸ਼ਾਮਿਲ ਕਰਨਾ ਨਿੰਦਣਯੋਗ ਹੈ।

ਲੋਕਾਂ ਖ਼ਾਸ ਕਰਕੇ ਵਿਦਿਆਰਥੀਆਂ ਵਿੱਚ ਜ਼ਿੰਦਗੀ ਵਿੱਚ ਕੁੱਝ ਨਵੀਂ ਸਿਰਜਣਾ, ਸੰਵੇਦਨਸ਼ੀਲਤਾ,ਨੈਤਿਕਤਾ ਅਤੇ ਮਨੁੱਖਤਾ ਪੱਖੀ ਮਾਨਸਿਕਤਾ ਪ੍ਰਫੁੱਲਿਤ ਕਰਨ ਲਈ ਗੀਤ -ਸੰਗੀਤ,ਨਾਟਕ, ਚਿੱਤਰਕਾਰੀ,ਨ੍ਰਿਤ, ਸਾਹਿਤ ਪੜ੍ਹਨ,ਲਿਖਣ ਆਦਿ ਕਲਾ ਦੀਆਂ ਰੁਚੀਆਂ ਵਿਕਸਤ ਕਰਨ ਦੀ ਬੇਹੱਦ ਲੋੜ ਹੈ ਜਿਸ ਲਈ ਅਧਿਆਪਕਾਂ, ਮਾਪਿਆਂ ਤੇ ਅਗਾਂਹ ਵਧੂ ਸੋਚ ਦੇ ਧਾਰਨੀਆਂ ਵੱਲੋਂ ਯਤਨ ਜੁਟਾਉਣੇ ਚਾਹੀਦੇ ਹਨ।ਉਨ੍ਹਾਂ ਨੂੰ ਵਿਗਿਆਨਕ ਸੋਚ,ਲਗਨ ਅਤੇ ਮਿਹਨਤ ਨਾਲ ਅੱਗੇ ਵੱਧਣ ਦੀ ਚੇਟਕ ਲਾਉਣੀ ਚਾਹੀਦੀ ਹੈ। ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਿਗਿਆਨਕ ਚੇਤਨਾ ਅਤੀ ਜ਼ਰੂਰੀ ਹੈ

ਦੇਸ਼ ਦੇ ਭਵਿੱਖ ਬੱਚਿਆਂ ਨੂੰ ਨਸ਼ਿਆਂ,ਅਸ਼ਲੀਲਤਾ , ਅੰਧਵਿਸ਼ਵਾਸਾਂ,ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਅਤੇ ਜ਼ਿੰਦਗੀ ਵਿੱਚ ਨੈਤਿਕ ਕਦਰਾਂ ਕੀਮਤਾਂ ਅਪਣਾਉਣ ਲਈ ਪ੍ਰੇਰਿਤ ਕਰਨਾ ਵੀ ਅਧਿਆਪਕਾਂ ਸਮੇਤ ਸਾਡੇ ਸਾਰਿਆਂ ਦਾ ਫਰਜ਼ ਹੈ । ਅਗਿਆਨਤਾ,ਅੰਧ ਵਿਸ਼ਵਾਸਾਂ ਅਤੇ ਰੂੜ੍ਹੀਵਾਦੀ ਵਿਚਾਰਾਂ ਨੂੰ ਵਿਗਿਆਨਕ ਵਿਚਾਰਾਂ ਦੀ ਚੇਤਨਾ ਤੇ ਸੋਝੀ ਰਾਹੀਂ ਖਤਮ ਕਰਕੇ ਹੀ ਇਕ ਵਿਕਸਤ ਤੇ ਖੁਸ਼ਹਾਲ ਸਮਾਜ ਉਸਾਰਿਆ ਜਾ ਸਕਦਾ ਹੈ

## ਵਿਸ਼ਵ ਪੰਜਾਬੀ ਸਭਾ ਵੱਲੋਂ ਟੋਰੰਟੋ(ਕੈਨੇਡਾ) ਵਿੱਚ ਤਿੰਨ ਰੋਜ਼ਾ ਅੰਤਰਰਾਸ਼ਟਰੀ ਪੰਜਾਬੀ ਕਾਨਫ਼ਰੰਸ ਆਰੰਭ

### ਡਾ. ਵਰਿਆਮ ਸਿੰਘ ਸੰਧੂ ਨੇ ਪ੍ਰਧਾਨਗੀ ਕਰਦਿਆਂ ਮਾਂ ਬੋਲੀ ਵਿਕਾਸ ਆਪੋ ਆਪਣੇ ਘਰੋਂ ਸ਼ੁਰੂ ਕਰਨ ਦਾ ਪ੍ਰਣ ਕਰਵਾਇਆ

ਵਰਲਡ ਪੰਜਾਬੀ ਟਾਈਮਜ਼



ਟੋਰਾਂਟੋ: 23 ਜੂਨ : ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਸਾਂਝ ਨੂੰ ਹੋਰ ਮਜ਼ਬੂਤ ਕਰਨ, ਨਿਖਾਰਨ ਅਤੇ ਤਰਾਸ਼ਣ ਦੇ ਮਨੋਰਥ ਨਾਲ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਡਾ. ਦਲਬੀਰ ਸਿੰਘ ਕਥੂਰੀਆ ਕੈਨੇਡਾ ਚੇਅਰਮੈਨ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਅਗਵਾਈ ਹੇਠ ਛੇਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਕੈਨੇਡਾ ਦੇ ਸ਼ਹਿਰ ਬਰੈਂਪਟਨ (ਟੋਰੰਟੋ) ਦੇ ਵਿਸ਼ਵ ਪੰਜਾਬੀ ਭਵਨ ਵਿਖੇ ਅੱਜ ਬੜੇ ਉਤਸ਼ਾਹ ਨਾਲ ਸ਼ੁਰੂ ਹੋ ਗਈ ਹੈ। ਕਾਨਫਰੰਸ ਦਾ ਆਰੰਭ ਸਿੱਖ ਰਹੁ-ਰੀਤਾਂ ਨਾਲ ਸ੍ਰ. ਸੁਬੇਗ ਸਿੰਘ ਕਥੂਰੀਆ ਵੱਲੋਂ ਰਸਭਿੰਨੇ ਸ਼ਬਦ ਗਾਇਨ ਨਾਲ ਕੀਤੀ ਗਈ। ਇਸ ਉਪਰੰਤ ਸ੍ਰੀ ਰਿੰਟੂ ਭਾਟੀਆ ਵੱਲੋਂ ਸ਼ਬਦ ਗਾਇਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਇਸ ਉਪਰੰਤ ਡਾ. ਦਲਬੀਰ ਸਿੰਘ ਕਥੂਰੀਆ, ਸ਼੍ਰੋਮਣੀ ਪੰਜਾਬੀ ਲੇਖਕ ਡਾ.ਵਰਿਆਮ ਸਿੰਘ ਸੰਧੂ, ਪੰਜਾਬ ਯੂਨੀਵਰਸਿਟੀ ਦੇ ਸਾਬਕਾ ਡੀਨ ਡਾ. ਜਸਪਾਲ ਕੌਰ ਕਾਂਗ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਚਾਂਸਲਰ ਡਾ. ਗੁਰਲਾਭ ਸਿੰਘ, ਡਾ. ਪਰਗਟ ਸਿੰਘ ਬੱਗਾ, ਸ੍ਰ. ਇੰਦਰਜੀਤ ਸਿੰਘ ਬੱਲ, ਡਾ. ਬਲਵਿੰਦਰ ਸਿੰਘ ਧਾਲੀਵਾਲ, ਢਾ. ਅਮਰਜੀਤ ਕੋਂਕੇ, ਰੂਪ ਕਾਹਲੋਂ ਅਤੇ ਉਚੇਚੇ ਤੌਰ ਤੇ ਪਹੁੰਚੇ ਚੜ੍ਹਦੀਕਲਾ ਟਾਈਮ ਟੀਵੀ ਦਿੱਲੀ ਦ ਡਾਇਰੈਕਟਰ ਸ੍ਰ. ਅੰਮ੍ਰਿਤਪਾਲ ਸਿੰਘ ਵੱਲੋਂ ਸ਼ਮ੍ਹਾ ਰੌਸ਼ਨ ਕਰਕੇ ਸਮਾਰੋਹ ਦਾ ਉਦਘਾਟਨ ਕੀਤਾ ਗਿਆ।
ਸਮਾਰੋਹ ਦਾ ਸਵਾਗਤੀ ਭਾਸ਼ਨ ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਸ੍ਰ. ਇੰਦਰਜੀਤ ਸਿੰਘ ਬੱਲ ਵੱਲੋਂ ਪੜ੍ਹਿਆ ਗਿਆ। ਇਸ ਉਪਰੰਤ ਗੁਰਲਾਭ ਸਿੰਘ ਵੱਲੋਂ ਉਦਘਾਟਨੀ ਸ਼ਬਦ ਬੋਲੇ ਗਏ। ਕੁੰਜੀਵਤ ਭਾਸ਼ਣ ਡਾ. ਜਸਪਾਲ ਕੌਰ ਕਾਂਗ ਵੱਲੋਂ ਦਿੱਤਾ ਗਿਆ ਜਿਸ ਵਿੱਚ ਉਨ੍ਹਾਂ ਗੁਰੂ ਆਸ਼ੇ ਅਨੁਸਾਰੀ ਸਮਾਜ ਸਿਰਜਣ ਦੀ ਲੋੜ ਤੇ ਜ਼ੋਰ ਦਿੱਤਾ।
ਪ੍ਰਧਾਨਗੀ ਭਾਸ਼ਨ ਦੇਂਦਿਆਂ ਸ਼੍ਰੋਮਣੀ ਪੰਜਾਬੀ ਲੇਖਕ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਵੱਲੋਂ ਇਹ ਕਾਨਫਰੰਸ ਕਰਕੇ ਪੂਰੇ ਵਿਸ਼ਵ ਨੂੰ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਸੁਚੇਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਫ਼ਰ ਸਾਨੂੰ ਆਪੋ ਆਪਣੇ ਘਰੋਂ ਸ਼ੁਰੂ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਵਿਸਾਰਨ ਕਰਕੇ ਹੀ ਅਸੀਂ ਬਹੁਤੇ ਕਸ਼ਟ ਸਹਾਰ ਰਹੇ ਹਾਂ। ਅੰਤ ਵਿੱਚ ਡਾ. ਪ੍ਰਗਟ ਸਿੰਘ ਬੱਗਾ ਵੱਲੋਂ ਧੰਨਵਾਦ ਦੇ ਸ਼ਬਦ ਕਹੇ। ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਗੁਰਪ੍ਰੀਤ ਕੌਰ ਅਤੇ ਡਾ. ਅਮਰਦੀਪ ਬਿੰਦਰਾ ਵੱਲੋਂ ਮੰਚ ਸੰਚਾਲਕ ਦੀ ਭੂਮਿਕਾ ਬਾਖੂਬੀ ਨਿਭਾਈ ਗਈ। ਕਾਨਫਰੰਸ ਵਿੱਚ ਉੱਘੇ ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਸਾਬਕਾ ਵਿਧਾਇਕ ਤੇ ਪ੍ਰਸਿੱਧ ਪੱਤਰਕਾਰ ਕੰਵਰ ਸੰਧੂ, ਬਿੱਟੂ ਸੰਧੂ,ਜਸਵਿੰਦਰ ਸਿੰਘ ਰੁਪਾਲ,ਪੂਰਨ ਸਿੰਘ ਪਾਂਧੀ, ਰਜਵੰਤ ਕੌਰ ਸੰਧੂ, ਡਾ. ਜਾਗੀਰ ਸਿੰਘ ਨੂਰ, ਸੁਰਿੰਦਰ ਪ੍ਰੀਤ ਘਣੀਆ, ਕੰਵਲਜੀਤ ਸਿੰਘ ਲੱਕੀ,ਦਲਬੀਰ ਸਿੰਘ ਰਿਆੜ, ਪਾਕਿਸਤਾਨੀ ਲੇਖਕਾਂ ਤਾਹਿਰਾ ਸਰਾ, ਲੋਕ ਗਾਇਕ ਹਸਨੈਨ ਅਕਬਰ, ਕਵਿੱਤਰੀ ਸੁਰਜੀਤ ਕੌਰ, ਪ੍ਰੋ. ਕੁਲਜੀਤ ਕੌਰ,ਡਾ. ਨਵਜੋਤ ਕੌਰ ਤੇ ਕਈ ਹੋਰ ਲੇਖਕ ਹਾਜ਼ਰ ਸਨ।

ਇੱਥੇ ਦੱਸਣਯੋਗ ਹੈ ਕਿ ਕਾਨਫਰੰਸ ਦਾ ਸਮਾਪਤੀ ਸਮਾਰੋਹ 22 ਜੂਨ ਨੂੰ ਹੋਵੇਗਾ। ਇਸ ਸਬੰਧੀ ਡਾ. ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਪੰਜਾਬੀ ਸਿਰਫ ਇੱਕ ਭਾਸ਼ਾ ਹੀ ਨਹੀਂ ਬਲਕਿ ਇਹ ਮੁਹੱਬਤ, ਭਾਈਚਾਰਕ ਸਾਂਝ ਅਤੇ ਦੁਨੀਆਂ ਨੂੰ ਰਿਸ਼ਤਿਆਂ ਨਾਲ ਜੋੜ ਕੇ ਰੱਖਣ ਵਾਲੀ ਭਾਸ਼ਾ ਹੈ। ਇਸ ਦੀਆਂ ਜੜ੍ਹਾਂ ਵਿੱਚ, ਇਸ ਦੀਆਂ ਰਗਾਂ ਵਿੱਚ, ਇਸਦੇ ਸੀਨੇ ਵਿੱਚ, ਇਸ ਦੀ ਧੜਕਣ ਵਿੱਚ ਰੂਹਾਨੀਅਤ ਦੇ ਬੀਜ ਹਨ ਅਤੇ ਅੱਜ ਜਦੋਂ ਦੁਨੀਆਂ ਦੇ ਬਹੁਤ ਸਾਰੇ ਮੁਲਕ ਆਪਸੀ ਖਿਚੋਤਾਣ ਵਿੱਚ ਅਤੇ ਆਪਣੀ ਚੌਧਰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੇ ਹਨ,ਇਸ ਸਮੇਂ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਭੂਮਿਕਾ ਅਤੇ ਯੋਗਦਾਨ ਹੋਰ ਵੀ ਵੱਧ ਜਾਂਦਾ ਹੈ।

## ਐਮਰਜੈਂਸੀ ਦੇ 50 ਸਾਲਾਂ ਵਰੇਗਢ ਨੂੰ ਸਮਰਪਿਤ ਜਮਹੂਰੀ ਅਧਿਕਾਰ ਸਭਾ ਵੱਲੋਂ ਜਬਰ ਵਿਰੋਧੀ ਕਨਵੈਨਸ਼ਨ ਦਾ ਆਯੋਜਨ

ਵਰਲਡ ਪੰਜਾਬੀ ਟਾਈਮਜ਼
ਜਗਜੀਤ ਸਿੰਘ ਭੁਟਾਲ




ਸੰਗਰੂਰ 23 ਜੂਨ : ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਸੰਗਰੂਰ ਵੱਲੋਂ ਸਥਾਨਕ ਅਗਰਵਾਲ ਧਰਮਸ਼ਾਲਾ ਵਿਖੇ ਦੇਸ਼ ਵਿੱਚ ਲੱਗੀ ਐਮਰਜੈਂਸੀ ਦੀ 50 ਸਾਲਾ ਵਰ੍ਹੇਗੰਢ ਨੂੰ ਸਮਰਪਿਤ ਜਬਰ ਵਿਰੋਧੀ ਕਨਵੈਨਸ਼ਨ ਦਾ ਆਯੋਜਨ ਕੀਤਾ ਗਿਆ।ਪ੍ਰਧਾਨਗੀ ਮੰਡਲ ਵਿੱਚ ਮੁੱਖ ਬੁਲਾਰਿਆਂ ਤੋਂ ਇਲਾਵਾ ਮਨਧੀਰ ਸਿੰਘ ਰਾਜੋ ਮਾਜਰਾ, ਜਿਲ੍ਹਾ ਪ੍ਰਧਾਨ ਜਗਜੀਤ ਭੁਟਾਲ, ਬਸੇਸਰ ਰਾਮ ਸ਼ਾਮਿਲ ਹੋਏ।ਕਨਵੈਨਸ਼ਨ ਦੇ ਸ਼ੁਰੂਆਤੀ ਸੈਸਨ ਵਿੱਚ ਬਸ਼ੇਸ਼ਰ ਰਾਮ ਵੱਲੋਂ ਸਾਰੇ ਸ਼ਾਮਿਲ ਲੋਕ ਪੱਖੀ, ਮਨੁੱਖੀ ਅਧਿਕਾਰਾਂ ਅਤੇ , ਵੱਖ ਵੱਖ ਜਥੇਬੰਦੀਆਂ ਦੇ ਕਾਰਕੁਨ੍ਹਾਂ ਨੂੰ ਜੀ ਆਇਆਂ ਕਿਹਾ ਗਿਆ ਅਤੇ ਮੌਜੂਦਾ ਹਾਲਾਤਾਂ ਵਾਰੇ ਗੱਲਬਾਤ ਕੀਤੀ।ਕਨਵੈਨਸ਼ਨ ਦੇ ਮੁੱਖ ਬੁਲਾਰੇ ਦੇ ਤੌਰ ਤੇ ਪਹੁੰਚੀ ਦਿੱਲ੍ਹੀ ਯੂਨੀਵਰਸਿਟੀ ਦੀ ਪ੍ਰੋਫੈਸਰ ਨੰਦਿਤਾ ਨਰੈਣ ਨੇ ਕੇਂਦਰੀ ਹਾਕਮਾਂ ਵੱਲੋਂ ਦੇਸ਼ ਦੇ ਜਲ, ਜੰਗਲ, ਜ਼ਮੀਨ ਅਤੇ ਜੰਗਲਾਂ ਵਿੱਚ ਪਏ ਬੇਸਕੀਮਤੀ ਖਣਿਜ ਪਦਾਰਥਾਂ ਨੂੰ ਵਿਕਾਸ ਦੇ ਨਾਂ ਤੇ ਕਾਰਪੋਰੇਟ ਘਰਾਣਿਆਂ ਅਤੇ ਸਾਮਰਾਜੀ ਤਾਕਤਾਂ ਨੂੰ ਸੋਂਪਣ ਲਈ ਦਿਖਾਈ ਜਾ ਰਹੀ ਤੇਜ਼ੀ ਤੇ ਖੁੱਲ ਕੇ ਚਰਚਾ ਕੀਤੀ, ਉਹਨਾਂ ਮੁਲਕ ਵਿੱਚ ਲੋਕਾਂ ਨੂੰ ਧਰਮਾਂ,ਜਾਤਾਂ,ਖਿਤਿਆਂ ਵਿੱਚ ਵੰਡ ਕੇ ਹਿੰਦੂਤਵ ਰੰਗ ਵਿੱਚ ਰੰਗਣ ਅਤੇ ਘੱਟ ਗਿਣਤੀਆਂ, ਦਲਿਤਾਂ, ਆਦਿ ਵਾਸੀਆਂ ਤੇ ਕੀਤੇ ਜਾ ਰਹੇ ਅੰਨ੍ਹੇ ਤਸ਼ੱਦਦ, ਸਿਖਿਆ ਦੇ ਭਗਵੇਂਕਰਨ ਅਤੇ ਇਤਿਹਾਸ ਨੂੰ ਆਪਣੇ ਮੁਤਾਬਕ ਬਦਲਣ ਤੇ ਗੰਭੀਰਤਾ ਅਤੇ ਬਰੀਕੀ ਨਾਲ ਚਾਨਣਾ ਪਾਇਆ।ਦੂਸਰੇ ਬੁਲਾਰੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਵਿੱਤ ਸਕੱਤਰ ਤਰਸੇਮ ਲਾਲ ਨੇ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਚਰਚਾ ਕਰਦਿਆਂ ਪੰਜਾਬ ਦੀ ਆਮ ਆਦਮੀ ਵੱਲੋਂ ਸੂਬੇ ਵਿੱਚ ਬਲਡੋਜ਼ਰ ਕਲਚਰ, ਝੂਠੇ ਪੁਲਿਸ ਮੁਕਾਬਲੇ, ਪੁਲਿਸ ਹਿਰਾਸਤ ਮੌਤਾਂ,ਲੋਕ ਸੰਘਰਸ਼ਾਂ ਨੂੰ ਦਬਾਉਣ ਲਈ ਕੀਤੇ ਜਾ ਰਹੇ ਅਣਮਨੁੱਖੀ ਜਬਰ ਕਰਕੇ ਲੋਕਤੰਤਰ ਦੇ ਕੀਤੇ ਜਾ ਰਹੇ ਘਾਣ ਅਤੇ ਸੂਬੇ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰਨ ਵਾਰੇ ਸੰਵਾਦ ਰਚਾਉਂਦਿਆਂ ਇਸ ਦਾ ਵਿਰੋਧ ਕਰਨ ਦਾ ਹੋਕਾ ਦਿਤਾ।ਇਸ ਮੌਕੇ ਅਜਮੇਰ ਅਕਲੀਆ, ਕੁਲਵਿੰਦਰ ਬੰਟੀ ਕੁਲਵੰਤ ਸਿੰਘ, ਹਰਭਗਵਾਨ ਗੁਰਨੇ, ਗੁਲਜਾਰ ਸੌਂਕੀ, ਪ੍ਰਿੰਸੀਪਲ ਇਕਬਾਲ ਸਿੰਘ, ਮੇਜਰ ਉੱਪਲੀ ਵੱਲੋਂ ਲੋਕ ਪੱਖੀ ਅਤੇ ਇਨਕਲਾਬੀ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ।ਅੰਤ ਤੇ ਜਿਲ੍ਹਾ ਪ੍ਰਧਾਨ ਜਗਜੀਤ ਭੁਟਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਮਨਧੀਰ ਸਿੰਘ ਰਾਜੋਮਾਜਰਾ ਵੱਲੋ ਇਸਰਾਇਲ ਵੱਲੋਂ ਅਮਰੀਕਾ ਦੀ ਸ਼ਹਿ ਤੇ ਫਲਸਤੀਨ ਦੀ ਅਵਾਮ, ਬੱਚਿਆਂ, ਔਰਤਾਂ ਤੇ ਜ਼ੁਲਮ ਬੰਦ ਕਰਨ,ਇਰਾਨ ਤੇ ਥੋਪੀ ਅਮਰੀਕਾ ਦੀ ਸਹਿ ਤੇ ਜੰਗ ਬੰਦ ਕਰਨ, ਘੱਟ ਗਿਣਤੀਆਂ ਵਿਸ਼ੇਸ਼ ਤੌਰ ਤੇ ਮੁਸਲਮਾਨਾਂ, ਆਦਿਵਾਸੀਆਂ ਤੇ ਤਸੱਸਦ ਅਤੇ ਹਮਲੇ ਬੰਦ ਕਰਨ, ਆਸਾਮ ਅੰਦਰ ਬੰਗਲਾਦੇਸ਼ ਘੁਸਪੈਠ ਦਾ ਬਹਾਨਾ ਬਣਾ ਕੇ




ਜਲਾਵਤਨੀ ਬੰਦ ਕਰਨ, ਸ਼ਹਿਰੀਕਰਨ ਦੇ ਨਾਂ ਤੇ ਕਿਸਾਨਾਂ ਦੀਆਂ ਜਮੀਨਾਂ ਤੇ ਕਬਜ਼ੇ ਕਰਨੇ ਬੰਦ ਕਰਨ,ਕਸ਼ਮੀਰ ਨੂੰ ਮੁਕੰਮਲ ਰਾਜ ਦਾ ਦਰਜਾ ਬਹਾਲ ਕਰਨ, ਜੰਗਲੀ ਪਹਾੜੀ ਖੇਤਰਾਂ ਵਿੱਚੋਂ ਖਣਿਜਾਂ ਨੂੰ ਕਾਰਪੋਰੇਟ ਸੈਕਟਰ ਨੂੰ ਸੌਂਪਣ ਨੂੰ ਬੰਦ ਕਰਨ,ਆਦਿਵਾਸੀਆਂ ਦਾ ਉਜਾੜਾ ਬੰਦ ਕਰਨ, ਜਮੀਨ ਪ੍ਰਾਪਤ ਸੰਘਰਸ਼ ਕਮੇਟੀ ਦੇ ਗ੍ਰਿਫਤਾਰ ਆਗੂਆਂ ਨੂੰ ਤੁਰੰਤ ਰਿਹਾ ਕਰਨ ਦੇ ਮਤੇ ਪੇਸ਼ ਕੀਤੇ ਗਏ ਜਿਨ੍ਹਾਂ ਨੂੰ ਹਾਊਸ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ।ਮੰਚ ਸੰਚਾਲਨ ਕੁਲਦੀਪ ਸਿੰਘ, ਸਕੱਤਰ ਵੱਲੋਂ ਬਾਖੂਬੀ ਕੀਤਾ ਗਿਆ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ )ਦੇ ਰੋਹੀ ਸਿੰਘ ਮੰਗਵਾਲ,ਕਿਰਤੀ ਕਿਸਾਨ ਯੂਨੀਅਨ ਦੇ ਭੁਪਿੰਦਰ ਲੌਂਗੋਵਾਲ,ਕੇਂਦਰੀ ਲਿਖਾਰੀ ਸਭਾ ਦੇ ਪਵਨ ਹਰਚੰਦ ਪੁਰੀ,ਭਾਰਤੀ ਕਿਸਾਨ ਯੂਨੀਅਨ (ਆਜ਼ਾਦ )ਦੇ ਜਸਵੀਰ ਮੈਦੇਵਾਸ,ਦੇਸ਼ ਭਗਤ ਯਾਦਗਾਰ ਦੇ ਬਲਬੀਰ ਲੌਂਗੋਵਾਲ,ਤਰਕਸ਼ੀਲ ਸੁਸਾਇਟੀ ਦੇ ਸੀਤਾ ਰਾਮ,ਲਾਭ ਸਿੰਘ ਛਾਜਲਾ,ਸੁਰਿੰਦਰ ਉੱਪਲੀ,ਵਿਸਵਕਾਂਤ ਸੁਨਾਮ,ਲੋਕ ਆਗੂ ਭਜਨ ਰੰਗੀਆਂ,ਜਗਦੇਵ ਸੰਗਰੂਰ,ਲੋਕ ਮੋਰਚਾ ਦੇ ਦਰਸ਼ਨ ਸਿੰਘ,ਡੈਮੋਕ੍ਰੇਟਿਕ ਟੀਚਰਜ ਫ਼ਰੰਟ(ਦਿਗਵਿਜੇ ਸੰਬੰਧਤ )ਦੇ ਹਰਭਗਵਾਨ ਗੁਰਨੇ,ਜਸਵੀਰ ਨਮੋਲ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਸੁੱਖਵਿੰਦਰ ਗਿਰ,ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਹਮੀਰ ਬੇਨੜਾ,ਪੀ ਐਸ ਯੂ ਦੇ ਸੁਖਦੀਪ ਹੱਥਨ, ਕਮਲਜੀਤ ਕੌਰ,ਅਦਾਰਾ ਬਿਗਲ ਦੇ ਚਰਨਜੀਤ ਪਟਵਾਰੀ,ਜਮੀਨ ਪ੍ਰਾਪਤ ਸੰਘਰਸ਼ ਕਮੇਟੀ ਦੇ ਸੁੱਖਵਿੰਦਰ ਸਿੰਘ ਬੈਟੜਿਆਣਾ,ਜਮਹੂਰੀ ਕਿਸਾਨ ਸਭਾ ਦੇ ਗੁਰਵਿੰਦਰ ਮੰਗਵਾਲ,ਕਾਮਰੇਡ ਗੁਲਜਾਰਾ ਭੱਠਲ ਯਾਦਗਾਰ ਦੇ ਮੋਹਿੰਦਰ ਭੱਠਲ,ਏ ਐਨ ਐਮ ਵਰਕਰ ਯੂਨੀਅਨ ਦੀ ਸੁਸ਼ਮਾ ਅਰੋੜਾ,ਆਈ ਡੀ ਪੀ ਦੇ ਫਲਜੀਤ ਸਿੰਘ, ਲੋਕ ਚੇਤਨਾ ਮੰਚ ਲਹਿਰਾ ਗਾਗਾ ਦੇ ਲਛਮਣ ਅਲੀਸ਼ੇਰ, ਜਗਦੀਸ਼ ਪਪੜਾ, ਲੋਕ ਆਗੂ ਕਾਮਰੇਡ ਬਚਿਤਰ ਦੁੱਗਾਂ, ਅਮਰੀਕ ਖੋਖਰ, ਕਾਮਰੇਡ ਭੂਰਾ ਸਿੰਘ ਦੁੱਗਾਂ, ਗੁਰਮੇਲ ਲੌਂਗੋਵਾਲ, ਹਰਪ੍ਰੀਤ ਕੌਰ, ਪ੍ਰਿੰਸੀਪਲ ਇਕਬਾਲ ਕੌਰ, ਕਾਮਰੇਡ ਜੀਵਨ ਸਿੰਘ ਆਦਿ ਆਗੂਆਂ ਤੋਂ ਇਲਾਵਾ ਸੈਂਕੜੇ ਜਮਹੂਰੀ ਅਤੇ ਲੋਕ ਪੱਖੀ ਕਾਰਕੁਨ ਹਾਜ਼ਰ ਸਨ।

## ਬੀਜੇ ਬਿਖੁ ਮੰਗੈ ਅੰਮ੍ਰਿਤੁ**/




ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ

ਅੰਮ੍ਰਿਤ ਦੀਆਂ ਬੂੰਦਾਂ ਮੇਰੀਆਂ ਅੱਖਾਂ ਵਿੱਚ ਸੱਧਰਾਂ ਬਣਕੇ ਤੇਰੇ ਚਰਨਾਂ ਦੀ ਛੂਹ ਦੀ ਰੀਝ ਨਾਲ ਇਹ ਸੋਚ ਰਹੀਆਂ ਸਨ। ਤੂੰ ਮੇਰੇ ਸਾਰੇ ਰਿਸ਼ਤੇਦਾਰ ਮੈਨੂੰ ਇਕੋ ਤਰ੍ਹਾਂ ਦੀ ਸਿਖਿਆ ਦੇਂਦੇ ਹਨ। ਤੂੰ ਕਹਿੰਦਾ ਹੈਂ ਬਿਖੁ ਨਹੀ ਬੀਜਣਾ,ਮੇਰਾ ਹਰ ਰਿਸ਼ਤੇਦਾਰ ਆਖਦਾ ਹੈ ਬਿਖੁ ਬੀਜਣ ਬਗੈਰ ਗੁਜ਼ਾਰਾ ਨਹੀਂ ਹੈ।ਕੀ ਤੂੰ ਮੇਰਾ ਪੂਰਾ ਗੁਰੂ ਨਹੀਂ ਹੋ?
ਜੇ ਹੈਂ ਤਾਂ ਮੈਂ ਕਿਵੇਂ ਤੇਰਾ ਹੁਕਮ ਛੱਡਕੇ ਉਨ੍ਹਾਂ ਝੂਠੀਆਂ ਆਸਾਂ ਦੈਣ ਵਾਲੇ ਲੋਕਾਂ ਦੇ ਚਰਣਾਂ ਵਿਚ ਆਪਣਾ ਸਿਦਕ ਹੋਣ ਦੀਆਂ ਜਿਨ੍ਹਾਂ ਨੂੰ ਆਪਣਾ ਕੁਝ ਪਤਾ ਨਹੀਂ ਉਹ ਕਲ੍ਹ ਹੋਣ ਗੇ ਕਿ ਨਹੀਂ।ਹੁਣ ਸੁਣ ਮੇਰੀਆਂ ਆਪ ਬੀਤੀਆਂ।
ਪੁਲਿਸ ਦੀ ਵਰਦੀ ਪਾ ਕੇ ਇਕ ਚੋਰ ਮੇਰੇ ਘਰ ਵਿੱਚ ਵੜ ਆਇਆ।
ਕਹਿਣ ਲੱਗਾ ਤੂੰ ਬਾਣੀ ਉਲਟ ਸਮਝ ਰਿਹਾ ਹੈ। ਗੁਰਦੇਵ ਮਾਤਾ ਗੁਰਦੇਵ ਪਿਤਾ ਇਸ ਦਾ ਇਹ ਮਤਲਬ ਇਹ ਨਹੀਂ ਗੁਰੂ ਹੀ ਮਾਤਾ ਪਿਤਾ ਹੈ। ਸਗੋਂ ਮਾਤਾ ਪਿਤਾ ਹੀ ਗੁਰੂ ਹੈ ਅਤੇ ਗੁਰਮਤਿ ਤੋਂ ਉਲਟ ਸਿਖਿਆ ਵੀ ਜਦੋਂ ਮਾਤਾ ਸਿਖਿਆ ਦੇਵੇ ਮੰਨ ਜ਼ਰੂਰ ਲੈਣੀ ਚਾਹੀਦੀ ਹੈ।ਮੈਰੀ ਮਾਤਾ ਚਾਹੰਦੀ ਹੈ ਮੈਂ ਹਰ ਵਕਤ ਝੱਖਾਂ ਮਾਰਾ, ਲੋਕ ਲਾਜ ਵਿਚ ਨਿੰਦਿਆ ਵਿਚ ਰੰਗ ਤਮਾਸ਼ੇ ਵਿਚ ਉਧਾਰ ਚੁੱਕਣ ਵਿਚ।ਕੀ ਇਹ ਬਿਖੁ ਨਹੀਂ?
ਮੇਰਾ ਭਰਾ ਕਹਿੰਦਾ ਹੈ ਹਰ ਵੇਲੇ ਕੀ ਹੋਇਆ ਰੱਬ ਦਾ ਨਾਂ?ਹਰ ਵੇਲੇ ਵਸੂਹਰਾ ਪਾਈ ਰਖਣਾ? ਹੱਸਣਾ ਖੇਡਣਾ ਹੋਣਾ ਚਾਹਿਦਾ ਹੈ। ਤੂੰ ਹਰ ਵਕਤ ਰੱਬ ਦਾ ਨਾਂ ਸਮਝਿਆ ਹੈ।
ਹੁਕਮ ਹੈ ਹਸਦੇ, ਖੇਡਦੇ ਖਾਂਦੇ ਪੀਂਦੇ ਨਾਮ ਜਪਣਾ ਹੈ। ਮੈਂ ਨਿਰਮਤਾ ਨਾਲ ਹੱਥ ਜੋੜ ਕੇ ਪੈਰਾਂ ਤੇ ਸਿਰ ਰੱਖ ਕੇ ਆਖਦਾ ਹਾਂ ਇਸ ਦਾ ਮਤਲਬ ਆਹ ਨਹੀਂ ਹਾਸਾ, ਨਿੰਦਿਆ ਦੂਜਿਆਂ ਦੀ ਖੇਡਾਂ ਝੱਖ ਮਾਰਣਾ ਵਿਚ। ਕੀ ਇਹ ਸਿਖਿਆ ਹੈ ਯਾ ਬਿਖਿਆ ਨਹੀਂ?
ਜੇ ਮੈਂ ਪਤਨੀ ਹਾਂ ਤਾਂ ਮੇਰਾ ਪਤੀ ਅੰਮ੍ਰਿਤ ਵੇਲੇ ਮੇਰੇ ਨਾਲ ਛੈਣੇ ਵਜਾਂਦਾ ਹੈ।ਉਸ ਤੋਂ ਵੱਡਾ ਪਰਮੇਸ਼ੁਰ ਮੇਰੇ ਦੁਨੀਆਂ ਤੇ ਨਹੀਂ ਹੈ। ਉਹ ਵੀ ਗੁਰਮਤਿ ਦੀ ਉਲਟੀ ਗੱਲ ਕਰੇ ਤਾਂ ਵੀ ਮੇਰਾ ਹੁਕਮ ਮੰਨਣਾ ਫਰਜ਼ ਹੈ।
ਮੈਂ ਹੱਥ ਜੋੜਕੇ ਆਖਦੀ ਹਾਂ ਮੈ ਆਪ ਦੀ ਨੌਕਰ ਹਾਂ ਤੁਹਾਡੀ
ਪਰ ਅਸੀ ਤਾਂ ਗਰੀਬਾਂ ਦੀ ਸੇਵਾ ਕਰਨੀ ਹੈ ਦਸੰਵਧ ਕੱਢਣਾ ਹੈ।ਉਹ ਆਖਦਾ ਈਹ ਦੁਨੀਆਂ ਹੈ ਕੌਣ ਚੱਲ ਸਕਦਾ ਹੈ ਇਸ ਤੇ।ਕੀ ਇਹ ਬਿਖੁ ਨਹੀਂ ਹੈ?
ਅੱਜ ਮੈਨੂੰ ਮੇਰੇ ਰਿਸ਼ਤੇਦਾਰ ਦੇ ਸਾਹਮਣੇ ਪੇਸ਼ ਕੀਤਾ ਗਿਆ। ਮੈਂ ਤੇਰੇ ਤੋਂ ਸਦਕੇ ਜਾਂਦਾ ਹਾਂ।ਕਿਉਕਿ ਜੇ ਤੂੰ ਮੇਰਾ ਕੁਝ ਬਣਾਣ ਦਾ ਫੈਸਲਾ ਕਰ ਲਿਆ ਹੈ ਤਾਂ ਇਕ ਨਿਸ਼ਾਨੀ ਤੂੰ ਆਪ ਹੀ ਇਹ ਦੱਸੀ ਲੋਕੀ ਉਸ ਨੂੰ ਪਾਗਲ ਆਖਦੇ ਹਨ।ਮੇਰੇ ਲਈ ਲੋੜ ਸਮਝੀ ਉਨ੍ਹਾਂ ਆਪਣਾ ਪਹਿਚਾਣ ਦੀ ਜਗ੍ਹਾ ਲੋਕਾਂ ਨੂੰ ਪਹਿਚਾਣ ਵਾਸਤੇ ਸਾਰੀ ਜ਼ਿੰਦਗੀ ਲਗਾ ਦਿਤੀ।ਫਿਰ ਮੈਨੂੰ ਮਹਿਸੂਸ ਹੋਇਆ ਤੂੰ ਮੇਰੇ ਨਾਲ ਤ੍ਰੁੱਠਣ ਦਾ ਫੈਸਲਾ ਕਰ ਲਿਆ ਹੈ।
ਉਹਦੀ ਸੰਸਾਰ ਵਿਚ ਇਕ ਗੱਲ ਨਹੀ ਰਲਦੀ ਤਾ ਮੈਂ ਸਚਮੁੱਚ ਝੱਲਾ ਹੈ। ਗੁਰਮਤਿ ਪਰਦੇ ਢੱਕਦੀ ਹੈ। ਮੈਂ ਝੱਲਾ ਨਹੀਂ ਹਾਂ ਦੁਨੀਆਂ ਝੱਲਾ ਬਣਾਉਣ ਤੇ ਲੱਗੀ ਹੈ।
ਬਾਬਾ ਬਿਖੁ ਦਿਖਿਆ ਸੰਸਾਰ

## ਵਿਧਾਇਕ ਨੇ 4 ਪਿੰਡਾਂ ਦੇ 2.52 ਕਰੋੜ ਦੀ ਲਾਗਤ ਨਾਲ ਬਣੇ ਸਿੰਚਾਈ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ

### ਕਿਸਾਨਾਂ ਨੂੰ ਆਪਣੀ ਫਸਲ ਲਈ ਪਾਣੀ ਅਤੇ ਬਿਜਲੀ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਸੇਖੋਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 23 ਜੂਨ : ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕਿਸਾਨਾਂ ਨੂੰ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣ ਲਈ ਉਪਰਾਲੇ ਲਗਾਤਾਰ ਜਾਰੀ ਹਨ। ਇਸੇ ਤਹਿਤ ਫਰੀਦਕੋਟ ਹਲਕੇ ਦੇ ਪੰਜ ਪਿੰਡਾਂ ਵਿੱਚ ਨਵੇਂ ਮੋਗਿਆਂ ਤੇ ਨਵੀਆਂ ਪਾਈਪ ਲਾਈਨਾਂ ਜੋ ਕਿ ਖੇਤਾਂ ਦੀ ਸਿੰਚਾਈ ਲਈ ਬਣਾਈਆਂ ਗਈਆਂ ਹਨ ਦਾ ਉਦਘਾਟਨ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਵਿਧਾਇਕ ਫਰੀਦਕੋਟ ਗੁਰਦਿੱਤ ਸਿੰਘ ਸੇਖੋ ਨੇ ਵੱਖ ਵੱਖ ਪਿੰਡਾਂ ਵਿੱਚ ਸਿੰਚਾਈ ਪਾਈਪ ਲਾਈਨਾਂ ਦੇ ਉਦਘਾਟਨ ਉਪਰੰਤ ਅੱਜ ਪਿੰਡ ਝੋਟੀਵਾਲਾ. ਸੁੱਖਣਵਾਲਾ, ਪੱਖੀਕਲਾਂ ਤੇ ਗੋਲੇਵਾਲਾ ਆਦਿ ਦਾ ਦੌਰਾ ਕੀਤਾ ਅਤੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਹੁੰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ



ਸਰਕਾਰ ਰਾਜ ਵਿੱਚ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਨੀਵਾਂ ਹੋਣ ਤੇ ਬਹੁਤ ਚਿੰਤਤ ਹੈ ਤੇ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਕਿਸਾਨਾਂ ਨੂੰ ਖੇਤੀ ਲਈ ਵੱਧ ਤੋਂ ਵੱਧ ਨਹਿਰੀ ਪਾਣੀ ਉਪਲਬਧ ਕਰਵਾਇਆ ਜਾਵੇ ਤਾਂ ਜੋ ਧਰਤੀ ਹੇਠਲੇ ਪਾਣੀ ਦਾ ਪੱਧਰ ਬਰਕਰਾਰ ਰੱਖਿਆ ਜਾ ਸਕੇ। ਉਹਨਾਂ ਦੱਸਿਆ ਕਿ ਅੱਜ ਹਲਕੇ ਦੇ ਇਹਨਾਂ ਚਾਰ ਪਿੰਡਾਂ ਵਿੱਚ ਸਿੰਚਾਈ ਲਈ ਨਵੇਂ ਮੋਘੇ ਬਣਾਏ ਗਏ ਹਨ, ਉਥੇ ਹੀ ਨਵੀਆਂ ਪਾਈਪ ਲਾਈਨਾਂ ਵਿਛਾ ਕੇ ਹਰ ਖੇਤ ਤੱਕ ਪਾਣੀ ਪਹੁੰਚਾਉਣ ਦਾ ਵਾਅਦਾ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹਨਾਂ ਚਾਰ ਪਿੰਡਾਂ ਝੋਟੀਵਾਲਾ, ਸੁੱਖਣਵਾਲਾ, ਪੱਖੀਕਲਾਂ ਅਤੇ ਗੋਲੇਵਾਲਾ ਵਿਖੇ ਦੋ ਮੋਘੇ ਸਮੇਤ ਕੁੱਲ ਪੰਜ ਮੋਘੇ ਤੇ ਪਾਈਪਲਾਈਨਾਂ ਦਾ ਉਦਘਾਟਨ ਕੀਤਾ ਗਿਆ ਹੈ। ਜਿਸ ’ਤੇ 2 ਕਰੋੜ 52 ਲੱਖ ਰੁਪਏ ਤੋਂ ਜਿਆਦਾ ਰਾਸ਼ੀ ਖਰਚ ਆਈ ਹੈ। ਉਨ੍ਹਾਂ ਕਿਹਾ ਕਿ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਲੋੜੀਂਦੀ ਅੱਠ ਘੰਟੇ ਬਿਜਲੀ ਵੀ ਮੁਹੱਈਆ ਕਰਵਾਈ ਜਾ ਰਹੀ ਹੈ, ਉੱਥੇ ਹੀ ਨਹਿਰੀ ਪਾਣੀ ਵੀ ਲੋੜੀਂਦੀ ਮਾਤਰਾ ਵਿੱਚ ਦਿੱਤਾ ਜਾ ਰਿਹਾ ਹੈ ਅਤੇ ਨਹਿਰਾਂ ਦਾ ਪਾਣੀ ਟੇਲਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਰਾਜ ਦੇ ਸਰਬਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਦ੍ਰਿੜ ਹੈ ਤੇ ਰਾਜ ਦਾ ਕੋਈ ਵੀ ਅਜਿਹਾ ਖੇਤਰ ਨਹੀਂ ਛੱਡਿਆ ਜਾਵੇਗਾ, ਜੋ ਵਿਕਾਸ ਪੱਖੋਂ ਅਧੂਰਾ ਰਹੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਤੇ ਸ਼ਹਿਰਾਂ ਦਾ ਵਿਕਾਸ ਤਰਜੀਹੀ ਆਧਾਰ ’ਤੇ ਕੀਤਾ ਜਾ ਰਿਹਾ ਹੈ ਤਾਂ ਹੀ ਰਾਜ ਦੇ ਲੋਕ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨਾਲ ਚਟਾਣ ਵਾਂਗ ਖੜੇ ਹਨ। ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਸਾਦਿਕ ਰਮਨਦੀਪ ਸਿੰਘ ਮੁਮਾਰਾ, ਡੀ.ਐਸ.ਸੀ.ਓ. ਜਗਮੋਹਨ ਸਿੰਘ ਵਿਰਕ, ਐਸ.ਡੀ.ਐਸ.ਸੀ.ਓ. ਰਾਜਵਿੰਦਰ ਕੌਰ, ਐਸ.ਸੀ.ਓ. ਜਸਪ੍ਰੀਤ ਸਿੰਘ ਧਾਲੀਵਾਲ, ਸਿਮਰਤ ਸਿੰਘ ਸੰਧੂ ਸੁੱਖਣਵਾਲਾ, ਜਗਜੀਤ ਸਿੰਘ ਪੱਖੀਕਲਾਂ, ਗੁਰਪਿੰਦਰ ਸਿੰਘ ਬਲਾਕ ਪ੍ਰਧਾਨ, ਮੀਤਾ ਗੋਲੇਵਾਲਾ, ਗੁਰਸ਼ਰਨ ਸਿੰਘ ਸਰਪੰਚ ਕਾਬਲ ਵਾਲਾ, ਨਿਰਮਲ ਸਿੰਘ, ਮਨਜਿੰਦਰ ਸਿੰਘ, ਰਣਜੀਤ ਸਿੰਘ ਝੋਟੀ ਵਾਲਾ, ਮਾਸਟਰ ਅਮਰਜੀਤ ਸਿੰਘ ਪਰਮਾਰ, ਹਰਜੀਤ ਸਿੰਘ ਹੀਰਾ, ਗੁਰਲਾਲ ਸਿੰਘ ਨੰਬਰਦਾਰ ਸੰਗਤਪੁਰਾ ਸਮੇਤ ਇਹਨਾਂ ਪਿੰਡਾਂ ਦੇ ਮੋਗਿਆਂ ਦੇ ਸਮੂਹ ਹਿੱਸੇਦਾਰ ਹਾਜ਼ਰ ਸਨ।

## *ਸੁੰਨੀ ਲੰਕਾਂ

ਇੱਥੇ ਨਾ ਮੇਰਾ,ਨਾ ਕੁੱਝ ਤੇਰਾ।
ਇਹ ਜੱਗ ਹੈ ਰੈਣ ਬਸੇਰਾ।

ਘੜੀ ਦੋ ਘੜੀ ਸੁਪਨਾ ਸੱਜਣਾ,
ਨਹੀਂ ਹੋਣਾ ਸੁਰਖ ਸਵੇਰਾ।

ਅਮੀਰ ,ਵਜ਼ੀਰ ਰਹੇ ਨਾ ਕੋਈ,
ਜਿਹਨਾਂ ਲਾਇਆ ਜ਼ੋਰ ਬਥੇਰਾ।

ਇੱਕ ਦਿਨ ਮਿੱਟੀ ਹੋ ਜਾਣਾ ਸਭ,
ਕਰ ਲੈ ਕੋਈ ਕੰਮ ਚੰਗੇਰਾ।

ਇਹ ਦੁਨੀਆ ਹੈ ਮਤਲਬ ਖੋਰੀ,
ਜ਼ਿੰਦ ਤੇਰੀ ਨੂੰ ਪਾਵੇ ਘੇਰਾ।

ਰਾਵਣ ਛੱਡ ਗਿਆ ਸੁੰਨੀ ਲੰਕਾ,
ਵਿੱਚ ਕੱਲਰੀਂ ਲੱਗੇ ਦੁਸ਼ਹਿਰਾ।

ਇੱਕੋ ਰਹਿੰਦਾ ਨਾਮ ਜੋ ਰੱਬ ਦਾ,
ਨਹੀਂ ਤਾਂ ਹੈ ਸੁੰਨਾ ਚਾਰ ਚੁਫ਼ੇਰਾ।

ਕੀਲ ਪਟਾਰੀ ਪਾ ਲੈਣਾ ਤੈਨੂੰ,
ਜੋਗੀ ਕਾਲ ਬਣੇ ਸਪੇਰਾ।

ਇਹ ਜੱਗ ਧੂਏਂ ਦਾ ਪਹਾੜ ‘ਪੱਤੋ’,
ਸਮਝੇ ਜਿਸ ਨੂੰ ਇਹ ਪੰਧ ਲਮੇਰਾ।

ਵਰਲਡ ਪੰਜਾਬੀ ਟਾਈਮਜ਼ ਹਰਪ੍ਰੀਤ ਪੱਤੋ

## ਮਾਨਸਰੋਵਰ ਸਾਹਿਤ ਅਕਾਦਮੀ ਵੱਲੋਂ ਕਰਵਾਇਆ ਪੰਜਾਬੀ ਕਵੀ ਦਰਬਾਰ ਸੁੱਚੇ ਮੋਤੀਆਂ ਦੀ ਮਾਲਾ ਬਣਦਾ ਜਾ ਰਿਹਾ ਹੈ – ਸੂਦ ਵਿਰਕ


ਵਰਲਡ ਪੰਜਾਬੀ ਟਾਈਮਜ਼ ਅਸ਼ੋਕ ਸ਼ਰਮਾ ਪ੍ਰੀਤ ਕੌਰ ਪ੍ਰੀਤੀ




ਫ਼ਗਵਾੜਾ 23 ਜੂਨ : ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 22 ਜੂਨ 2025 ਦਿਨ ਐਤਵਾਰ ਨੂੰ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਕਮਲਜੀਤ ਕੌਰ ਜਲੰਧਰ, ਪੰਜਾਬੀ ਸ਼ਾਇਰ ਹਰਮੀਤ ਸਿਵੀਆਂ, ਪਿਆਰਾ ਸਿੰਘ ਰਾਹੀ, ਪਿੰਦੂ ਰਾਹੋਂ ਵਾਲਾ, ਮਾਸਟਰ ਅਜੈਬ ਸਿੰਘ ਰੁਪਾਣਾ ਸ਼ਾਮਿਲ ਹੋਏ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਕਮਲਜੀਤ ਕੌਰ ਨੇ ਕੌੜਾ ਸੱਚ ਬਿਆਨ ਕਰਦੀਆਂ ਕਵਿਤਾਵਾਂ ਪੇਸ਼ ਕੀਤੀਆਂ ਅਤੇ ਹਰਮੀਤ ਸਿਵੀਆਂ ਨੇ ਸਮਾਜਿਕ ਵਿਸ਼ਿਆਂ ਬਾਰੇ ਕਵਿਤਾਵਾਂ ਪੇਸ਼ ਕੀਤੀਆਂ। ਪਿਆਰਾ ਸਿੰਘ ਰਾਹੀ ਨੇ ਵੀ ਸੇਧਵਰਧਕ ਕਵਿਤਾਵਾਂ ਨਾਲ ਖੂਬ ਸਮਾਂ ਬੰਨ੍ਹਿਆ। ਮਾਸਟਰ ਅਜੈਬ ਸਿੰਘ ਨੇ ਵੀ ਸੱਚੇ ਸੁੱਚੇ ਹਰਫ਼ਾਂ ਦੀ ਰੰਗਤ ਭਰਪੂਰ ਕਵਿਤਾਵਾਂ ਨਾਲ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਪਿੰਦੂ ਰਾਹੋਂ ਵਾਲਾ ਨੇ ਵੀ ਦਰਦ ਭਰੀਆਂ ਕਵਿਤਾਵਾਂ ਦੇ ਨਾਲ ਹਾਜ਼ਰੀ ਭਰੀ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਹਰ ਮਨੁੱਖ ਜਰੂਰ ਲਗਾਵੇ ਇੱਕ ਰੁੱਖ ਦਾ ਸੁਨੇਹਾ ਦਿੱਤਾ।

## ਇਕ ਵਜ਼ਨਦਾਰ ਗੀਤਕਾਰ ਦਲਜੀਤ ਸਿੰਘ ਅਰੋੜਾ।

ਵਰਲਡ ਪੰਜਾਬੀ ਟਾਈਮਜ਼ ਬਲਵਿੰਦਰ 'ਬਾਲਮ' ਗੁਰਦਾਸਪੁਰ



ਦਲਜੀਤ ਸਿੰਘ ਅਰੋੜਾ ਨੇ ਜ਼ਿਆਦਾਤਰ ਗੀਤ ਪੰਜਾਬੀ ਫ਼ਿਲਮਾਂ ਲਈ ਹੀ ਲਿਖੇ ਹਨ,ਜਿਹਨਾਂ ਨੂੰ ਪ੍ਰਸਿੱਧ ਗਾਇਕਾਂ ਨੇ ਅਲਕਰਿਤ ਕੀਤਾ ਹੈ। ਉਹਨਾਂ ਨੇ ਸਮਾਜਿਕ,ਧਾਰਮਿਕ, ਵੀਰਰਸ,ਕਰੁਨਾਰਸ ਅਤੇ ਰੋਮਾਂਟਿਕ ਗੀਤਾਂ ਨੂੰ ਫਿਲਮੀ ਪਟਕਥਾ ਅਨੁਸਾਰ ਲਿਖਿਆ ਹੈ। ਗੀਤਕਾਰੀ ਦੇ ਜਗਤ ਵਿਚ ਇਕ ਵਜ਼ਨਦਾਰ ਗੀਤਾਂ ਦੇ ਸੰਕੇਤ ਉਭਰਦੇ ਸੁਣਾਈ ਦਿੰਦੇ ਹਨ। ਭਾਸ਼ਾ ਦਾ ਪ੍ਰਯੋਗ ਦਰਪਣ ਉਪਰ ਪਾਰੇ ਦੀ ਪਰਤ ਵਰਗਾ ਹੁੰਦਾ ਹੈ।ਗੀਤ ਯੁਕਤੀ, ਵਿਚਾਰ, ਤਕਦੀਦ ਅਤੇ ਲੈਅ ਦੇ ਏਵਜ ਵਿਚ ਬਿੰਬਾਂ ਦੀ ਸਿਰਜਨਾ ਉਪਰ ਪੂਰੇ ਉਤਰਦੇ ਹਨ।ਗੀਤ ਸ਼ਬਦਾਂ ਦੀ ਰਚਨਾ ਅਤੇ ਸ਼ਬਦ ਸਮਾਜਿਕ ਸਮਰਿਤੀ ਚਿੰਨ ਹੁੰਦੇ ਹਨ,ਨਾਲ ਨਾਲ ਹੀ ਓਥੇ ਸਮਰਿਤੀ ਅਤੇ ਕਲਪਨਾ ਇਕ ਉੱਦਮ ਗੀਤਾਂ ਦੇ ਹਰ ਏਕ ਸ਼ਬਦ ਵਿਚ ਬੋਲਦਾ ਸੁਣਾਈ ਦਿੰਦਾ ਹੈ।ਉਸ ਦੇ ਗੀਤ ਮੁਗਧਕਾਰੀ ਅਤੇ ਊਰਜਾ ਨਾਲ ਅਲਕਰਿਤ ਹਨ। ਵੈਸੇ ਤਾਂ ਦਲਜੀਤ ਸਿੰਘ ਅਰੋੜਾ ਨੂੰ ਸਾਰਾ ਪੰਜਾਬੀ ਫ਼ਿਲਮ ਜਗਤ ਫਿਲਮੀ ਰਸਾਲੇ ਪੰਜਾਬੀ ਸਕਰੀਨ ਦੇ ਸੰਪਾਦਕ ਵਜੋਂ ਜਾਣਦਾ ਹੀ ਹੈ ਅਤੇ ਉਹ ਕਦੇ ਕਦੇ ਪੰਜਾਬੀ ਤੇ ਬਾਲੀਵੁੱਡ ਫ਼ਿਲਮਾਂ ਵਿਚ ਬਤੌਰ ਕਲਾਕਾਰ ਵੀ ਹਾਜ਼ਰੀ ਭਰਦਾ ਦਿਸਦਾ ਹੈ। ਇਸ ਤੋਂ ਪਹਿਲਾਂ ਉਹ ਪੰਜਾਬ ਵਿਚ ਪਦਮਨੀ ਕੋਹਲਾਪੁਰੇ ਐਕਟਿੰਗ ਸਕੂਲ ਦੇ ਡਾਇਰੈਕਟਰ ਵਜੋਂ ਕਈ ਕਲਾਕਾਰ ਨੂੰ ਵੀ ਅੱਗੇ ਲਿਆ ਚੁੱਕਿਆ ਹੈ। ਪਰ ਅੱਜ ਮੈਂ ਤੁਹਾਨੂੰ ਉਹਨਾਂ ਵਿਚਲੇ ਵਿਲੱਖਣ ਗੀਤਕਾਰੀ ਦੇ ਹੁਨਰ ਤੋਂ ਜਾਣੂ ਕਰਵਾ ਰਿਹਾ ਹਾਂ। ਹੁਣ ਤੱਕ ਉਸ ਦੀ ਕਲਮ ਚੋਂ ਨਿਕਲੇ ਕਈ ਫਿਲਮੀ ਗੀਤ ਪੰਜਾਬੀ ਤੇ ਬਾਲੀਵੁੱਡ ਗਾਇਕਾਂ ਦੀ ਜ਼ੁਬਾਨ ਦਾ ਸ਼ਿੰਗਾਰ ਬਣ ਚੁੱਕੇ ਹਨ। ਜਦੋਂ ਗੱਲ ਦੇਸ਼ ਭਗਤੀ ਤੇ ਵੀਰਤਾ ਭਰਪੂਰ ਗੀਤ ਲਿਖਣ ਦੀ ਹੋਵੇ ਤਾਂ ਦਲਜੀਤ ਸਿੰਘ ਅਰੋੜਾ ਦੀ ਕਲਮ ਚੋਂ ਜਨਮੇ ਗੀਤ ‘ਦੁਨੀਆਂ ਦੇ ਹਰ ਇਕ ਝੰਡੇ ਤੇ ਸਾਡਾ ਇਕ ਤਿੰਰਗਾ ਭਾਰੀ” (ਗਾਇਕ ਨਛੱਤਰ ਗਿੱਲ ਅਤੇ ਫਿਰੋਜ਼ ਖਾਨ) ਫ਼ਿਲਮ ‘ਸਲਿਊਟ’ ਤੇ ਗੀਤ ਦੂਜਾ ਗੀਤ “ਡੌਲੇ” (ਦਲੇਰ ਮਹਿੰਦੀ)ਫ਼ਿਲਮ ‘ਨਿਡਰ’ ਵਿਚ ਕੋਈ ਕਸਰ ਬਾਕੀ ਨਜ਼ਰ ਨਹੀਂ ਆਉਂਦੀ ਅਤੇ ਅਕਸਰ ਇਹ ਗੀਤ ਫੌਜੀ ਕੈਂਪਾਂ ਅਤੇ ਸਰਕਾਰੀ ਪ੍ਰੋਗਰਾਮਾਂ ਵਿਚ ਕੋਰੀਓਗ੍ਰਾਫ ਕੀਤੇ ਜਾਂਦੇ ਹਨ। ਜੇ ਗੱਲ ਵੈਰਾਗ ਮਈ ਗੀਤਾਂ ਦੀ ਕਰੀਏ ਤਾਂ ਗੱਲ ‘ਬੇਵੱਸ ਹੋਈ’ (ਫਿਲਮ ਪਾਵਰਕੱਟ) ਅਤੇ ‘ਦਰਦ ਵਿਛੋੜੇ ਦੇ’ ( ਦੋਨੋ ਗੀਤ ਮਾਸਟਰ ਸਲੀਮ), ‘ਕੀ ਮਿਲਿਆ ਤੇਰੀ ਹੋ ਕੇ’ (ਜਾਵੇਦ ਬਾਸ਼ੀਰ-ਅਕਬਰ ਅਲੀ-ਪਾਕਿਸਤਾਨੀ ਗਾਇਕ) , ‘ਸਾਰੀ ਉਮਰਾਂ ਦੇ ਪੈ ਗਏ ਵਿਛੋੜੇ’ (ਤਰਲੋਚਨ ਸਿੰਘ-ਜੋਤੀਕਾ ਟਾਂਗਰੀ) ਤੋਂ ਇਉਂ ਲੱਗਦਾ ਹੈ ਕਿ ਇਹਨਾਂ ਵਿਚ ਹਰ ਨਾਕਾਮ ਆਸ਼ਕ ਦੀ ਗਾਥਾ ਲੁਕੀ ਹੈ। ਇਸ ਦੇ ਉਲਟ ਜੇ ਉਸ ਨੂੰ ਰੋਮਾਂਟਿਕ ਗੀਤ ਲਿਖਣ ਲਈ ਕਿਹਾ ਜਾਂਦਾ ਹੈ ਤਾਂ “ਲਵ ਯੂ ਮੇਰੀ ਸਰਕਾਰ”(ਮੰਨਤ ਨੂਰ- ਗੁਰਮੀਤ ਸਿੰਘ) ਦੇ ਬੋਲਾਂ ਵਿੱਚ ਪਿਆਰ ਦਾ ਹਰ ਰੰਗ ਮੌਜੂਦ ਹੈ। ਹੁਣ ਜੇ ਨੌਜਵਾਨਾਂ ਦਾ ਧਿਆਨ ਖਿੱਚਦੇ ਬੀਟ ਗੀਤਾਂ ਦੀ ਗੱਲ ਕਰੀਏ ਤਾਂ ਇੱਥੇ ਵੀ ਉਸ ਦੇ ਬੋਲਾਂ ਦੇ ਨਵਾਂ ਰੂਪ ਸਾਹਮਣੇ ਆਉਂਦਾ ਹੈ।ਜਿਹਨਾਂ ਵਿੱਚ ਬਾਲੀਵੁੱਡ ਗਾਇਕ ਮੀਕਾ ਸਿੰਘ ਦਾ ਗਾਇਆ ਗੀਤ “ਯੰਗ ਮਲੰਗ”, “ਬੁਲਟ ਦੀ ਗੇੜੀ” (ਸਿਮਰਨ ਭਾਰਦਵਾਜ), ਲਾਹਿੰਬਰ ਹੁਸੈਨ ਪੂਰੀ ਦਾ ਗਾਇਆ ਗੀਤ “ਯਾਰਾ ਦੇ ਯਾਰ” ਅਤੇ ਫ਼ਿਲਮ ਯਾਰ ਅਣਮੁੱਲੇ 2 ਦਾ ਗੀਤ “ਮਨ ਡੋਲੇ ਤਨ ਡੋਲੇ” ਲੇਖਕ ਦੇ ਜਵਾਨ ਦਿਲ ਦੀ ਗਵਾਹੀ ਭਰਦੇ ਹਨ।ਗੱਲ ਇੱਥੇ ਹੀ ਨਹੀ ਮੁਕਦੀ ਦਲਜੀਤ ਅਰੋੜਾ ਦੀ ਕਲਮ ਧਾਰਮਿਕ/ਸਮਾਜਿਕ ਗੀਤਾਂ ਵੱਲ ਵੀ ਕਾਮਯਾਬੀ ਦੇ ਝੰਡੇ ਬੁਲੰਦ ਕਰਦੀ ਹੈ। ਫ਼ਿਲਮ “ਆਸਰਾ” ਦਾ ਜਸਪਿੰਦਰ ਨਰੂਲਾ ਵੱਲੋਂ ਗਾਇਆ ਗੀਤ “ਸ਼ੁਕਰਾਨਾ” , ‘ਤੇਰਾ ਤੇਰਾ ਬੋਲ ਗਿਆ’ (ਮੀਤ ਕੌਰ) ਦੇ ਅਲਫਾਜ਼ ਵੀ ਬਾਕਮਾਲ ਹਨ ਅਤੇ ਬੇਜ਼ੁਬਾਨ ਜਾਨਵਰਾਂ ਦੀ ਦਾਸਤਾਨ ਬਿਆਨ ਕਰਦੇ ਦੋ ਹਿੰਦੀ ਗੀਤ ‘ਬੇਜ਼ੁਬਾਨ’ ਅਤੇ ‘ਬੇਜ਼ੁਬਾਨ 2’ (ਗਾਇਕ ਯਾਕੂਬ) ਸਰੋਤਿਆਂ ਦੇ ਕਰੋੜਾ ਵਿਊਜ਼ ਹਾਸਲ ਕਰ ਚੁੱਕੇ ਹਨ ਅਤੇ ਇਹਨਾਂ ਗੀਤਾਂ ਦੇ ਲੱਖਾਂ ਦੀ ਗਿਣਤੀ ਵਿਚ ਇੰਸਟਾਗਰਾਮ ਅਤੇ ਯੂਟਿਊਬ ਸ਼ੋਰਟਸ ਵੇਖੇ ਜਾ ਸਕਦੇ ਹਨ। ਜੇ ਸਿੱਖ ਨੌਜਵਾਨ ਵਿਚ ਸਿੱਖੀ ਦਾ ਜਜ਼ਬਾ ਭਰਨ ਲਈ ਗੀਤ ਘੜਣ ਦੀ ਗੱਲ ਹੋਵੇ ਤਾਂ ਫ਼ਿਲਮ “ਗੁਰਮੁਖ” ਦਾ ਨਛੱਤਰ ਗਿੱਲ ਵੱਲੋਂ ਗਾਇਆ ਗੀਤ “ਦੁੱਕੀ ਤਿੱਕੀ” ਆਪਣੇ ਆਪ ਵਿਚ ਉਦਹਾਰਣ ਹੈ। ਕਿਸੇ ਲੇਖਕ ਦੀ ਕਲਮ ਨੂੰ ਚੈਲੰਜ ਦਾ ਉਸ ਵੇਲੇ ਸਾਹਮਣਾ ਕਰਨਾ ਪੈਂਦਾ ਹੈ ਜਦੋਂ ਦੇਸ਼ ਭਗਤੀ ਤੇ ਵੀਰਤਾ ਦੇ ਗੀਤ ਲਿਖਣ ਵਾਲੀ ਕਲਮ ਨੂੰ ਆਪਣੇ ਹੀ ਦੇਸ਼ ਪ੍ਰਤੀ ਰੋਸ ਜਾਹਰ ਕਰਨ ਦੇ ਲਫਜ਼ ਘੜਣੇ ਪੈਂਦੇ ਹਨ ਤਾ ਫ਼ਿਲਮ 47 ਤੋਂ 84 ਦੀ ਗੀਤ “ਘਰ ਵਿਚ ਬੇ ਘਰ ਹੋਏ ਇਸ ਮੁਲਕ ਦੇ ਵਾਸੀ ਦੀ, ਏ ਲੰਬੀ ਕਹਾਣੀ ਏ 47 ਤੋਂ 84 ਦੀ” ਸਰੋਤਿਆਂ ਦੇ ਰੋਂਗਟੇ ਖੜੇ ਕਰਦਾ ਹੈ। ਦਲਜੀਤ ਅਰੋੜਾ ਦੀ ਕਲਮ ਨੇ ਅਨੇਕਾਂ ਗੀਤਾਂ ਦੀ ਰਚਨਾ ਕੀਤੀ ਹੈ ਅਤੇ ਇਸ ਤਰਾਂ ਹੀ ਉਸ ਦੀ ਕਲਮ ਕੋਲ ਹਰ ਵਿਸ਼ੇ ਤੇ ਗੀਤ ਲਿਖਣ ਲਈ ਅਲਫਾਜ਼ਾਂ ਦਾ ਗਹਿਰਾਂ ਸਮੁੰਦਰ ਹੈ। ਆਉਣ ਵਾਲੇ ਦਿਨਾਂ ਵਿਚ ਇਸੇ ਤਰਾਂ ਦੇ ਵਰਸਟਾਈਲ ਬਾਲੀਵੁੱਡ ਫ਼ਿਲਮੀ ਅਤੇ ਪੰਜਾਬੀ ਗੀਤ ਤੁਹਾਨੂੰ ਵੇਖਣ-ਸੁਣਨ ਨੂੰ ਮਿਲਣਗੇ, ਜਿਹਨਾਂ ਵਿਚ ਕਨਿਕਾ ਕਪੂਰ, ਫਿਰੋਜ਼ ਖਾਨ ਅਤੇ ਕੰਵਰ ਗਰੇਵਾਲ ਸਮੇਤ ਹੋਰ ਵੀ ਵੱਡੇ ਗਾਇਕਾਂ ਦੀਆਂ ਆਵਾਜ਼ਾਂ ਸ਼ਾਮਲ ਹਨ।

## ਬੀਬੀਆ ਕਿਉਂ ਇੱਜ਼ਤਾਂ ਸਾਧਾਂ ਨੂੰ ਪਰੋਸਦੀਆਂ ਨੇ।

ਵਰਲਡ ਪੰਜਾਬੀ ਟਾਈਮਜ਼ ਡਾ ਜਸਵੀਰ ਸਿੰਘ ਗਰੇਵਾਲ

ਜਿੰਮੇਵਾਰੀ ਤੋਂ ਭੱਜਦੇ ਜਿਹੜੇ ਛਾਤਰ ਦਿਮਾਗ
ਬਣ ਜਾਂਦੇ ਬਾਬੇ ,ਸਾਧੜੇ ਹੁੰਦੇ ਤੇਜ਼ ਤਰਾਰ ਨੇ।
ਕਾਤਲ, ਨੌਸਰ ਬਾਜ਼, ਠੱਗ ਤੇ ਜਨਾਨੀਬਾਜ਼
ਹੱਥਾਂ ਤੇ ਸਰੋਂ ਜਮਾਉਂਦੇ ਬਣਦੇ ਡੇਰੇ ਮਾਲਕ ਨੇ।
ਮੱਥੇ ਟੇਕਣ ਬੀਬੀਆ ,ਨੋਟ ਬੱਕਰੀ ਨੀ ਖਾਂਦੀ
ਟੋਟਕੇ, ਇਲਾਜ, ਪੁੱਛ ਕੱਢਣੀ, ਸਿਰ ਘੁਮਾਉਂਦੇ ਨੇ।
ਕੋਈ ਚਿੰਮਟਾ ਖੜਕਾਉਂਦਾ, ਸਰੀਏ ਪਿੱਠ ਤੇ ਮਾਰਨ
ਹੋਰ ਪਤਾ ਨਹੀਂ ਕੀ ਕੀ ਭਾਣੇ ਇਹ ਵਰਤਾਉਂਦੇ ਨੇ।
ਮਾਰ ਮੁਕਾਇਆ ਮੁੰਡਾ ਪਾਦਰੀ ਨੇ ਸੀ ਭੂਤ ਕੱਢਦੇ
ਨਿੱਤ ਹੋਰ ਪਤਾ ਨਹੀਂ ਕੀ ਕੀ ਚੰਦ ਚੜਾਉਂਦੇ ਨੇ।
ਬਾਬਿਆਂ ਤੇ ਵੀ ਚੱਲੀ ਸਾੜ ਸਤੀ ਖੇੜੀ ਵਾਲਾ ਅੰਦਰ
ਗੱਡੀਆਂ, ਨੱਡੀਆਂ, ਘੋੜੀਆਂ ਹਥਿਆਰਾਂ ਦੇ ਸ਼ੌਕੀ ਨੇ।
ਲੁਧਿਆਣੇ ਨਹਿਰ ਤੇ ਮਹਿਰੋ ਨੇ ਕੱਢਿਆ ਨਵਾਂ ਸੱਪ
ਸਭ ਕੁਝ ਖੋਲ ਸੁਣਾਇਆ ਰੰਗ ਬਰੰਗੇ ਚੋਗੇ ਵਾਲੇ ਨੇ।
ਨਿੱਤ ਰਾਤਾਂ ਰੰਗੀਆਂ ਸਾਧ ਗੁਰਦੁਆਰੇ ਦੇ ਭੋਰੇ ਅੰਦਰ
ਇਹ ਦੱਸੋ ਕਿਹੜਾ ਕੰਜਰ ਇਥੇ ਰੱਬ ਧਿਆਉਂਦੇ ਨੇ।
ਉਮਰ ਭਰ ਨਾਲ ਰਹਿਣ ਦੇ ਵਾਅਦੇ ਕਰ ਬੀਬੀ ਨੂੰ
ਭਵ ਸਾਗਰ ਪਾਰ ਲੰਘਣ ਦਾ ਬਲ ਸਿਖਾਇਆ ਬਾਬੇ ਨੇ।
ਰੱਬ ਦੇ ਨਾ ਤੇ ਇਸ਼ਕ ਪੇਚੇ ਲੜਾਉਂਦਾ ਰਿਹਾ ਰੰਗੀਨ ਬਾਬਾ
ਬੀਬਾ ਦੇ ਮੂੰਹ ਤੇ ਮੰਨੀਆਂ ਆਪਣੀਆਂ ਕਰਤੂਤਾਂ ਸਾਧ ਨੇ।
“ਕੀ ਬਣੂ ਸਾਡੀ ਭੋਲੇ ਲੋਕਾਂ ਦਾ,ਲੱਗਿਆ ਅੰਧਵਿਸ਼ਵਾਸ ਦਾ ਘੁਣ
ਦੁਨੀਆਂ ਚੰਦ ਤੇ ਤੁਰੀ ਫਿਰਦੀ, ਸਾਡੇ ਲਈ ਕੋਠੇ ਵੀ ਦੂਰ ਨੇ।
ਜੁੰਮੇਵਾਰੀ ਤੋਂ ਭੱਜਿਆ ਹੀ ਸਾਧ ਬਣੂ ਜਾਂ ਹੱਡ ਰੱਖ ਮਚਲਾ
ਰੱਬ ਦੇ ਨੇੜੇ ਰਹਿਣ ਵਾਲੇ ਹੀ ,ਨਾ ਰੱਬ ਤੋਂ ਭੋਰਾ ਡਰਦੇ ਨੇ।
ਇਨਸਾਨ ਤਾਂ ਬਣੋ,ਬਾਬਾ ਕਹਾਉਣਾ ਵੱਡੇ ਦੂਰ ਦੀ ਕੌਡੀ ਐ
ਸ਼ਰਮ ਦਾ ਘਾਟਾ ਦੁਰਫਿੱਟੇ ਮੂੰਹ ਗੰਦ ਪਾਇਆ ਕੰਜਰਾਂ ਨੇ।
ਗਰੇਵਾਲ “ਗੱਡਾ ਕਿਹੜਾ ਖੜਾ ਇਹਨਾਂ ਕੋਲ ਜਾਣ ਖੁਣੋਂ
ਬੀਬੀਆ ਕਿਉਂ ਇੱਜ਼ਤਾਂ ਸਾਧਾਂ ਨੂੰ ਪਰੋਸਦੀਆਂ ਦੀਆਂ ਨੇ।